# ਪੈਪਸੀ ਗੇਮ ਸ਼ੋਅ 'ਚ ਵਿੰਦੂ ਦਾਰਾ ਸਿੰਘ ਵੱਲੋਂ ਰਣਬੀਰ ਨੂੰ ਚੁਣੌਤੀ

ਸਭਿਆਚਾਰਕ ਪ੍ਰਤੀਨਿਧ

**ਚੰਡੀਗੜ੍ਹ, 7 ਅਪਰੈਲ**

ਵਿਸ਼ਵ ਪ੍ਰਸਿੱਧ ਸਾਫਟ ਡਰਿੰਕ ਕੰਪਨੀ ਪੈਪਸੀ ਵੱਲੋਂ ਗਰਮੀਆਂ ਦੇ ਮੌਸਮ ਵਿਚ ਆਪਣੇ ਗਾਹਕਾਂ ਨੂੰ ਲੁਭਾਉਣ ਲਈ ਅਤੇ ਦਰਸ਼ਕਾਂ ਦਾ ਮਨੋਰੰਜਨ ਕਰਨ ਲਈ ਟੀ.ਵੀ. ਉੱਤੇ ਸ਼ੁਰੂ ਕੀਤੀ ਨਿਵੇਕਲੀ ਖੇਡ 'ਪੈਪਸੀ ਦਿ ਗੇਮਜ਼' ਵਿਚ ਬਾਲੀਵੁੱਡ ਅਦਾਕਾਰ ਵਿੰਦੂ ਦਾਰਾ ਸਿੰਘ ਹੁਣ ਰਣਬੀਰ ਕਪੂਰ ਨੂੰ ਨਵੀਂ ਚੁਣੌਤੀ ਦਿੰਦੇ ਹੋਏ ਦਿਖਾਈ ਦੇਵੇਗਾ। ਪਿਛਲੇ ਦਿਨੀਂ ਰਿਆਲਿਟੀ ਟੀ.ਵੀ. ਸ਼ੋਅ ਬਿੱਗ ਬਾਸ ਦਾ ਵਿਜੇਤਾ ਰਹਿ ਚੁੱਕਾ ਵਿੰਦੂ ਆਪਣੇ ਨਿਵੇਕਲੇ ਅਤੇ ਵਿਲੱਖਣ ਕਿਰਦਾਰ ਫ਼ੱਕ-ਕੀ ਦੇ ਰੂਪ ਵਿਚ ਰਣਬੀਰ ਨਾਲ ਆਢਾ ਲਵੇਗਾ। ਇਹ ਖੇਡ ਯੋਗ ਸਲਾਹ ਦੇ ਕੇ ਜਿਤਾਉਣ ਵਾਲਿਆਂ ਲਈ ਕੰਪਨੀ ਨੇ 50 ਲੱਖ ਰੁਪਏ ਦੇ ਇਨਾਮ ਰੱਖੇ ਹਨ।

ਜ਼ਿਕਰਯੋਗ ਹੈ ਕਿ ਸ਼ੋਅ ਦਾ ਮਾਲਕ ਅਦਾਕਾਰ ਸੰਜੇ ਦੱਤ ਹੈ ਅਤੇ ਉਹ ਰਣਬੀਰ ਕਪੂਰ ਨੂੰ ਇਕ ਮਹਿਲ ਵਿਚ ਪੈਪਸੀ ਦੀ ਬੋਤਲ ਲੈ ਕੇ ਆਉਣ ਲਈ ਕਹਿੰਦਾ ਹੈ ਪਰ ਉਹ ਪਾਣੀ ਵਿਚ ਡਿੱਗ ਪੈਂਦਾ ਹੈ। ਉਸ ਦੀ ਪ੍ਰਾਪਤੀ ਲਈ ਜਦੋ-ਜਹਿਦ ਕਰਦਾ ਆ ਰਿਹਾ ਹੈ। ਕੰਪਨੀ ਵੱਲੋਂ ਇਸ ਖੇਡ ਨੂੰ ਵੱਧ ਤੋਂ ਵੱਧ ਰੌਚਿਕ ਬਣਾਉਣ ਲਈ ਕਈ ਪਰਤਾਂ ਵਿਚ ਵੰਡਿਆ ਗਿਆ ਹੈ।

ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿੰਦੂ ਦਾਰਾ ਸਿੰਘ ਨੇ ਇਸ ਸ਼ੋਅ ਦੇ ਤਜਰਬੇ ਬਾਰੇ ਕਿਹਾ ਕਿ ਉਨ੍ਹਾਂ ਲਈ ਇਹ ਬੜਾ ਦਿਲਚਸਪ ਅਤੇ ਚੁਣੌਤੀਆਂ ਭਰਪੂਰ ਛੋਟਾ ਜਿਹਾ ਕਿਰਦਾਰ ਹੈ।

ਇਹ ਸਵਾਲ ਦੇ ਜਵਾਬ ਵਿਚ ਵਿੰਦੂ ਦਾਰਾ ਸਿੰਘ ਨੇ ਦੱਸਿਆ ਕਿ ਉਸ ਦੀਆਂ ਅਗਲੇ ਦਿਨੀਂ ਅਕਸ਼ੇ ਕੁਮਾਰ ਨਾਲ ਹਾਊਸਫੁੱਲ, ਲਾਇਨਜ਼ ਆਫ ਪੰਜਾਬ ਅਤੇ ਅਗਨੀ ਆਦਿ ਫਿਲਮਾਂ ਰਿਲੀਜ਼ ਹੋ ਰਹੀਆਂ ਹਨ।



ਬਾਲੀਵੁੱਡ ਅਦਾਕਾਰ ਵਿੰਦੂ ਦਾਰਾ ਸਿੰਘ